FATHERHOOD INSTITUTE

ਪਿਤਾ ਅਹਿਮ ਹੁੰਦੇ ਹਨ।

ਸਾਨੂੰ ਪਿਤਾਵਾਂ ਦੇ ਵਿਚਾਰ ਸੁਣਨ ਦੀ ਲੋੜ ਕਿਉਂ ਹੈ

ਜਨਰੇਸ਼ਨ ਨਿਊ ਏਰਾ ਪੂਰੇ UK ਵਿੱਚ ਵੱਡੇ ਹੋ ਰਹੇ ਹਜ਼ਾਰਾਂ ਬੱਚਿਆਂ 'ਤੇ ਕੀਤਾ ਜਾ ਰਿਹਾ ਇੱਕ ਨਵਾਂ ਵੱਡਾ ਅਧਿਐਨ ਹੈ। ਬੱਚਿਆਂ ਦੇ ਜੀਵਨ ਨੂੰ ਪੂਰੀ ਤਰ੍ਹਾਂ ਸਮਝਣ ਲਈ, ਸਾਨੂੰ ਸਾਰੇ *ਮਾਪਿਆਂ ਨੂੰ ਸ਼ਾਮਲ* ਕਰਨ ਦੀ ਲੋੜ ਹੈ - **ਜਿਸ ਵਿੱਚ *ਸਾਰੇ*ਪਿਤਾ ਵੀ ਸ਼ਾਮਲ ਹਨ।** ਤੁਸੀਂ ਆਪਣੇ ਬੱਚੇ ਦੇ ਜੀਵਨ ਵਿੱਚ ਜੋ ਵੀ ਭੂਮਿਕਾ ਨਿਭਾਉਂਦੇ ਹੋ- **ਅਸੀਂ ਤੁਹਾਡੇ ਵਿਚਾਰ ਜਾਣਨਾ ਚਾਹੁੰਦੇ ਹਾਂ।**

ਆਪਣੀ ਗੱਲ ਰੱਖਣ ਦਾ ਤੁਹਾਡਾ ਮੌਕਾ

ਬਹੁਤ ਸਾਰੇ ਪਿਤਾ ਸਾਨੂੰ ਦੱਸਦੇ ਹਨ ਕਿ ਉਨ੍ਹਾਂ ਨੂੰ ਪਿਤਾ ਹੋਣ ਦੇ ਤਜਰਬੇ ਬਾਰੇ ਬਹੁਤ ਘੱਟ ਪੁੱਛਿਆ ਜਾਂਦਾ ਹੈ। ਇਹ ਅਧਿਐਨ ਤੁਹਾਨੂੰ ਆਪਣਾ ਤਜਰਬਾ ਸਾਂਝਾ ਕਰਨ ਦਾ ਮੌਕਾ ਦਿੰਦਾ ਹੈ।

ਹਰ ਪਿਤਾ ਦੀ ਕਹਾਣੀ ਵੱਖਰੀ ਹੁੰਦੀ ਹੈ। ਤੁਹਾਡੇ ਤਜਰਬੇ, ਚੁਣੌਤੀਆਂ, ਰਿਸ਼ਤੇ ਅਤੇ ਆਪਣੇ ਬੱਚੇ ਨਾਲ ਬਿਤਾਇਆ ਸਮਾਂ, ਇਹ ਸਭ ਮਹੱਤਵਪੂਰਨ ਹਨ। ਤੁਹਾਡੇ ਵਰਗੇ ਪਿਤਾਵਾਂ ਦੀ ਗੱਲ ਸੁਣ ਕੇ, ਅਸੀਂ ਇਹ ਬਿਹਤਰ ਢੰਗ ਨਾਲ ਸਮਝ ਸਕਦੇ ਹਾਂ ਕਿ ਬੱਚਿਆਂ ਅਤੇ ਪਿਤਾਵਾਂ ਨੂੰ ਕਿਸ ਚੀਜ਼ ਦੀ ਲੋੜ ਹੈ, ਅਤੇ ਉਨ੍ਹਾਂ ਦੀ ਸਭ ਤੋਂ ਵਧੀਆ ਮਦਦ ਕਿਵੇਂ ਕੀਤੀ ਜਾ ਸਕਦੀ ਹੈ।

"ਮੈਨੂੰ 'ਅਧਿਐਨ' ਵਾਲਾ ਪਿਤਾ ਹੋਣ 'ਤੇ ਬਹੁਤ ਮਾਣ ਹੈ। ਮੈਂ ਇੱਕ ਅਜਿਹੇ ਕਾਰਜ ਦਾ ਹਿੱਸਾ ਰਿਹਾ ਹਾਂ ਜਿਸਨੇ ਪੂਰੀ ਦੁਨੀਆ ਦੇ ਵਿਗਿਆਨੀਆਂ ਨੂੰ ਅਜਿਹੀਆਂ ਖੋਜਾਂ ਕਰਨ ਵਿੱਚ ਮਦਦ ਕੀਤੀ ਹੈ ਜੋ ਅੱਜ ਸਾਡੇ ਜਿਊਣ ਦੇ ਢੰਗ 'ਤੇ ਅਸਲ ਪ੍ਰਭਾਵ ਪਾਉਂਦੀਆਂ ਹਨ।"90 ਦੇ ਦਹਾਕੇ ਦੇ ਬੱਚੇ ਸੰਬੰਧੀ ਅਧਿਐਨ ਵਿੱਚ ਹਿੱਸਾ ਲੈਣ ਵਾਲੇ ਇੱਕ ਪਿਤਾ

ਪਿਤਾਵਾਂ ਨਾਲ ਸਬੰਧਤ ਖੋਜ ਨੇ ਪਹਿਲਾਂ ਹੀ ਹੇਠ ਲਿਖੇ ਖੇਤਰਾਂ ਵਿੱਚ ਮਦਦ ਕੀਤੀ ਹੈ:

- ਪਿਤਾਵਾਂ ਦੀ ਮਾਨਸਿਕ ਸਿਹਤ ਲਈ ਸਹਾਇਤਾ ਨੂੰ ਬਿਹਤਰ ਬਣਾਉਣ ਵਿੱਚ

FATHERHOOD INSTITUTE

- ਬੱਚਿਆਂ ਦੀ ਸੁਰੱਖਿਅਤ ਨੀਂਦ ਲਈ ਬਿਹਤਰ ਸਲਾਹ ਦੇਣ ਵਿੱਚ
- ਹੈਲਥ ਵਿਜ਼ਿਟਰਾਂ ਅਤੇ ਸਕੂਲਾਂ ਨੂੰ, ਪਿਤਾਵਾਂ ਦੀ ਸ਼ਮੂਲੀਅਤ ਲਈ ਉਤਸ਼ਾਹਿਤ ਕਰਨ ਵਿੱਚ
- ਸਰਕਾਰੀ ਨੀਤੀਆਂ ਬਣਾਉਣ ਵਿੱਚ, ਜਿਸ ਵਿੱਚ ਦੋ ਹਫ਼ਤਿਆਂ ਦੀ ਤਨਖਾਹ ਸਮੇਤ ਪੈਟਰਨਿਟੀ ਲੀਵ ਵੀ ਸ਼ਾਮਲ ਹੈ।

ਹਿੱਸਾ ਲੈਣ ਦੇ ਧੰਨਵਾਦ ਵਜੋਂ ਵਾਊਚਰ ਪ੍ਰਾਪਤ ਕਰੋ

ਬੱਚਿਆਂ ਲਈ ਬਿਹਤਰ ਭਵਿੱਖ ਬਣਾਉਣ ਵਿੱਚ ਮਦਦ ਕਰੋ

ਜੋ ਤੁਸੀਂ ਸਾਨੂੰ ਦੱਸੋਗੇ, ਉਸ ਨਾਲ ਇਹਨਾਂ ਚੀਜ਼ਾਂ ਵਿੱਚ ਸੁਧਾਰ ਕਰਨ ਵਿੱਚ ਮਦਦ ਮਿਲੇਗੀ:

- ਬੱਚਿਆਂ ਦੀ ਸਿਹਤ ਅਤੇ ਵਿਕਾਸ
- ਪਿਤਾਵਾਂ ਲਈ ਸਹਾਇਤਾ
- ਪਰਿਵਾਰਾਂ ਲਈ ਸੇਵਾਵਾਂ

ਉਸ ਤਰੀਕੇ ਨਾਲ ਹਿੱਸਾ ਲਵੋ ਜੋ ਤੁਹਾਡੇ ਲਈ ਅਨੁਕੂਲ ਹੋਵੇ

ਜੋ ਤੁਹਾਡੇ ਲਈ ਸਹੀ ਹੋਵੇ ਉਹ ਚੁਣੋ, ਦਿਨ ਜਾਂ ਸ਼ਾਮ। ਕੰਮਕਾਜ ਵਾਲੇ ਦਿਨ ਜਾਂ ਛੁੱਟੀ ਵਾਲੇ ਦਿਨ। ਆਨਲਾਈਨ, ਫ਼ੋਨ ਰਾਹੀਂ, ਜਾਂ ਇੰਟਰਵਿਊਅਰ ਨਾਲ। ਅਸੀਂ ਤੁਹਾਡੇ ਸ਼ਡਿਊਲ ਦੇ ਹਿਸਾਬ ਨਾਲ ਕੰਮ ਕਰਾਂਗੇ।

ਤੁਹਾਡੀ ਜਾਣਕਾਰੀ ਗੁਪਤ ਅਤੇ ਸੁਰੱਖਿਅਤ ਹੈ

ਤੁਹਾਡੇ ਦੁਆਰਾ ਸਾਂਝੀ ਕੀਤੀ ਗਈ **ਹਰ ਚੀਜ਼ ਗੁਪਤ ਰੱਖੀ ਜਾਂਦੀ ਹੈ** ਅਤੇ **ਸਿਰਫ਼ ਖੋਜ ਲਈ ਵਰਤੀ ਜਾਂਦੀ ਹੈ**। ਤੁਹਾਡੇ ਦੁਆਰਾ ਕਹੀ ਗਈ ਕੋਈ ਵੀ ਗੱਲ ਬੱਚੇ ਦੇ ਦੂਜੇ ਮਾਪੇ ਨਾਲ ਸਾਂਝੀ ਨਹੀਂ ਕੀਤੀ ਜਾਂਦੀ। ਹੋਰ ਜਾਣੋ: gnestudy.info/privacy

FATHERHOOD
INSTITUTE

ਬਦਲਾਅ ਲਿਆਉਣ ਵਾਲੇ ਹਜ਼ਾਰਾਂ ਪਿਤਾਵਾਂ ਨਾਲ ਜੁੜੋ। ਜਨਰੇਸ਼ਨ ਨਿਊ ਏਰਾ ਦਾ ਹਿੱਸਾ ਬਣੋ।

ਸਕੈਨ ਕਰੋ ਅਤੇ ਦੇਖੋ ਕਿ ਇਸ ਅਧਿਐਨ ਲਈ ਪਿਤਾ ਕਿਉਂ ਅਹਿਮ ਹਨ :

